ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ
ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ: 0172- 5015864, 5015865
ਫੈਕਸ:0172-2624687, ਈ-ਮੇਲ: ssa.punjab@yahoo.com

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਪੰਜਾਬ।
ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।
ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)

ਮੀਮੋ ਨੰ: 50/ਸ.ਸ.ਅ/ਪੈਡਾਗੋਜ਼ੀ-ਟੀ.ਟੀ./ 76881-82
ਮਿਤੀ: ਚੰਡੀਗੜ੍ਹ 28.03.2012

ਵਿਸ਼ਾ:- **ਅਕਾਦਮਿਕ ਸਾਲ 2012-13 ਦੌਰਾਨ ਜਮਾਤ ਚੌਥੀ ਤੋਂ ਨੌਵੀ ਤੱਕ ਦੀ ਪ੍ਰੀਖਿਆ ਅਤੇ ਮੁਲਾਂਕਣ ਬਾਰੇ।**

1.0 ਉਪਰੋਕਤ ਵਿਸ਼ਾ ਉਚੇਚਾ ਧਿਆਨ ਦੀ ਮੰਗ ਕਰਦਾਂ ਹੈ।

2.0 ਆਪ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਆਰ.ਟੀ.ਈ. ਐਕਟ-2009 ਲਾਗੂ ਹੋ ਚੁੱਕਾ ਹੈ।

2.1 ਇਸ ਲਈ ਇਸ ਐਕਟ ਦੇ ਤਹਿਤ ਵਿਦਿਆਰਥੀਆਂ ਦਾ ਲਗਾਤਾਰ ਸਮੁੱਚਾ ਮੁਲਾਂਕਣ ਅਪ੍ਰੈਲ, 2012 ਤੋਂ ਹੀ ਸ਼ੁਰੂ ਕੀਤਾ ਜਾਣਾ ਹੈ ਜਿਸ ਵਿੱਚ ਹਫ਼ਤਾਵਾਰੀ ਮੁਲਾਂਕਣ ਕਰਦੇ ਹੋਏ ਮਹੀਨਾਵਾਰ ਮੁਲਾਂਕਣ ਕਰਨ ਵੱਲ ਸੇਧਤ ਹੋਣਾ ਹੈ।

2.2 ਮਹੀਨੇ ਵਿੱਚ ਇੱਕ ਵਾਰ ਲਿਖਤੀ ਮੁਲਾਂਕਣ ਅਧਿਆਪਕ ਆਪਣੀ ਸੁਵਿਧਾ ਅਨੁਸਾਰ ਕਿਸੇ ਵੀ ਹਫ਼ਤੇ ਕਰ ਸਕਦੇ ਹਨ। ਅਜਿਹਾ ਲਿਖਤੀ ਮੁਲਾਂਕਣ ਉਸ ਹਫ਼ਤੇ ਦਾ ਹੀ ਹੋਵੇਗਾ ਨਾ ਕਿ ਇਹ ਪੂਰੇ ਮਹੀਨੇ ਲਈ ਹੋਵੇਗਾ।

2.3 ਜੂਨ ਮਹੀਨੇ ਦਾ ਮੁਲਾਂਕਣ ਉਸ ਮਹੀਨੇ ਦੀਆਂ ਛੁੱਟੀਆਂ ਦੇ ਕੰਮ ਤੇ ਅਧਾਰਿਤ ਹੋਵੇਗਾ। ਇਸ ਦੀ ਗ੍ਰੇਡਿੰਗ ਉਸ ਮਹੀਨੇ ਦੇ ਆਖਰੀ ਹਫ਼ਤੇ ਲਾਈ ਜਾਵੇਗੀ।

3.0 ਮੰਥਲੀ ਮੁਲਾਂਕਣ ਦਾ ਕੰਮ ਜਮਾਤ ਚੌਥੀ ਤੋਂ ਅੱਠਵੀਂ ਤੱਕ ਹੋਵੇਗਾ।

4.0 ਬੱਚੇ ਦਾ ਲਗਾਤਾਰ ਮੁਲਾਂਕਣ ਉਸਦੇ ਸਕੂਲ ਵਿੱਚ ਹਾਜ਼ਰ ਹੋਣ ਤੇ ਹੀ ਸੰਭਵ ਹੋ ਸਕਦਾ ਹੈ, ਇਸ ਦਾ ਇਹ ਮਤਲਬ ਨਹੀਂ ਕਿ ਸਕੂਲ ਮੁਖੀ/ਅਧਿਆਪਕ ਵਲੋਂ ਬੱਚਿਆਂ ਦੀ ਹਾਜ਼ਰੀ ਦੀ ਲਗਤਾਰਤਾ ਬਣਾਈ ਰੱਖਣ ਲਈ ਕੋਈ ਉਪਰਾਲੇ ਹੀ ਨਾ ਕੀਤੇ ਜਾਣ।

5.0 ਮੁਲਾਂਕਣ ਬਾਈ ਮੰਥਲੀ ਆਧਾਰ ਤੇ ਹੋਵੇਗਾ ਜਿਸ ਦੀ ਰੂਪ ਰੇਖਾ ਹੇਠ ਲਿਖੇ ਅਨੁਸਾਰ ਹੋਵੇਗੀ:

| ਅਧਿਆਪਕ ਵਲੋਂ ਟੂਲ ਤਿਆਰ ਕਰਨ ਦਾ ਮਹੀਨਾ | ਸਟੇਟ ਹੈੱਡ ਆਫਿਸ ਵਲੋਂ ਟੂਲ ਤਿਆਰ ਕਰਨ ਦਾ ਮਹੀਨਾ |
|---|---|
| ਅਪ੍ਰੈਲ, ਅਗਸਤ, ਅਕਤੂਬਰ, ਦਸੰਬਰ, ਫਰਵਰੀ | ਮਈ, ਜੁਲਾਈ, ਸਤੰਬਰ, ਨਵੰਬਰ, ਜਨਵਰੀ, ਮਾਰਚ |

6.0 ਬਾਈ ਮੰਥਲੀ ਮੁਲਾਂਕਣ ਦੌਰਾਨ ਪੰਦਰਾਂ ਅੰਕਾਂ ਦਾ ਸਿਲੇਬਸ ਚਲਦੇ ਮਹੀਨੇ ਵਿੱਚੋਂ ਅਤੇ ਪੰਜ ਅੰਕਾਂ ਦਾ ਸਿਲੇਬਸ ਪਿਛਲੇ ਮਹੀਨੇ ਵਿੱਚੋਂ ਹੋਵੇਗਾ।

7.0 ਮੁਲਾਂਕਣ ਦਾ ਕੰਮ ਜ਼ੀਰੋ ਪੀਰੀਅਡ ਵਿੱਚ ਕੀਤਾ ਜਾਵੇਗਾ, ਜਿਸ ਲਈ ਗਰਮੀਆਂ ਵਿੱਚ ਇਹ ਸਮਾਂ 8:30 ਵਜੇ ਤੋਂ 9:10 ਵਜੇ (6-8 ਲਈ) ਅਤੇ ਸਰਦੀਆਂ ਵਿੱਚ 9:30 ਤੋਂ 10:10 ਵਜੇ ਤੱਕ ਹੋਵੇਗਾ। ਚੌਥੀ ਅਤੇ ਪੰਜਵੀਂ ਜਮਾਤ ਲਈ ਗਰਮੀਆਂ ਵਿੱਚ ਇਹ ਸਮਾਂ 8:30 ਤੋਂ 11:00 ਵਜੇ ਤੱਕ ਅਤੇ ਸਰਦੀਆਂ ਵਿੱਚ 1:20 ਤੋਂ 2:00 ਤੱਕ ਹੋਵੇਗਾ। ਨੌਵੀਂ ਜਮਾਤ ਦੇ ਸਮੈਸਟਰ ਵਾਈਜ਼ ਪੇਪਰ ਦਾ ਸਮਾਂ (ਸਤੰਬਰ 2013 ਲਈ) 8:30 ਤੋਂ 11:00 ਅਤੇ 9:30 ਤੋਂ 12:00 ਵਜੇ (ਮਾਰਚ 2013 ਲਈ) ਹੋਵੇਗਾ।

8.0 ਜਮਾਤ ਚੌਥੀ ਤੇ ਪੰਜਵੀਂ ਲਈ ਗਣਿਤ, ਵਾਤਾਵਰਨ ਸਿੱਖਿਆ, ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਦੇ ਅਤੇ ਜਮਾਤ ਛੇਵੀਂ ਤੋਂ ਨੌਵੀਂ ਲਈ ਗਣਿਤ, ਵਿਗਿਆਨ, ਪੰਜਾਬੀ, ਹਿੰਦੀ, ਅੰਗਰੇਜ਼ੀ, ਸਮਾਜਿਕ ਸਿੱਖਿਆ ਦੇ ਮੁਲਾਂਕਣ ਟੂਲਜ਼ ਭੇਜੇ ਜਾਣਗੇ।

9.0 ਸਰੀਰਕ ਸਿੱਖਿਆ, ਡਰਾਇੰਗ ਅਤੇ ਕੰਪਿਊਟਰ ਵਿਸ਼ਿਆਂ ਦੇ ਮੁਲਾਂਕਣ ਟੂਲਜ਼ ਅਧਿਆਪਕ ਖ਼ੁਦ ਤਿਆਰ ਕਰਨਗੇ।

10.0 ਸਰੀਰਕ ਸਿੱਖਿਆ ਅਤੇ ਵਿਗਿਆਨ ਦੇ ਪ੍ਰੈਕਟੀਕਲ ਅਧਿਆਪਕ ਆਪਣੀ ਸਮਾਂ ਸੁਵਿਧਾ ਅਨੁਸਾਰ ਕਰਵਾਉਣਗੇ।

11.0 ਨੌਵੀਂ ਜਮਾਤ ਲਈ ਹੈੱਡ ਆਫਿਸ ਵਲੋਂ ਸਿਰਫ਼ ਸਮੈਸਟਰਜ਼ ਦੇ ਮੁਲਾਂਕਣ ਟੂਲਜ਼ ਭੇਜੇ ਜਾਣਗੇ।

12.0 ਨੌਵੀਂ ਅਤੇ ਦਸਵੀਂ ਜਮਾਤਾਂ ਲਈ ਮਿਡਲ ਜਮਾਤਾਂ ਦੀ ਤਰ੍ਹਾਂ ਸੀ.ਸੀ.ਈ. ਨੂੰ ਬੇਸ ਬਣਾ ਕੇ ਹਫ਼ਤਾਵਾਰ/ਮਹੀਨਾਵਾਰ ਮੁਲਾਂਕਣ ਅਧਿਆਪਕ ਪੱਧਰ ਤੇ ਕੀਤਾ ਜਾਵੇਗਾ। ਇਸ ਮੁਲਾਂਕਣ ਨੂੰ ਉਹਨਾਂ ਦੇ ਆਂਤਰਿਕ ਮੁਲਾਂਕਣ ਦਾ ਬੇਸ ਮੰਨਿਆ ਜਾਵੇਗਾ।

12.1 ਨੌਵੀਂ ਜਮਾਤ ਵਿੱਚੋਂ ਕਿਸੇ ਵੀ ਵਿਸ਼ੇ ਵਿੱਚ ਕੰਪਾਰਟਮੈਂਟ ਆ ਜਾਣ ਦੀ ਹਾਲਤ ਵਿੱਚ ਵਿਦਿਆਰਥੀ ਨੂੰ ਇਹ ਕੰਪਾਰਟਮੈਂਟ ਕਲਿਅਰ ਕਰਨ ਦੇ ਦੋ ਮੌਕੇ ਦਿੱਤੇ ਜਾਣਗੇ।

12.2 ਕੰਪਾਰਟਮੈਂਟ ਦਾ ਮੁਲਾਂਕਣ ਟੂਲ ਵਿਸ਼ਾ ਅਧਿਆਪਕ ਆਪਣੇ ਪੱਧਰ ਤੇ ਤਿਆਰ ਕਰਨਗੇ।

13.0 ਵਿਦਿਆਰਥੀਆਂ ਦਾ ਮਾਰਚ ਮਹੀਨੇ ਦਾ ਮੁਲਾਂਕਣ ਸਕੂਲ ਵਿੱਚ ਠਹਿਰ ਦੀ ਆਖਰੀ ਮਿਤੀ ਤੱਕ ਹੋਵੇਗਾ।

14.0 ਸੀ.ਸੀ.ਈ ਸਬੰਧੀ ਰਿਕਾਰਡ ਲਗਾਤਾਰ ਪੂਰਾ ਕੀਤਾ ਜਾਵੇਗਾ। ਪੀ.ਟੀ.ਏ ਮੀਟਿੰਗ ਦੌਰਾਨ ਮਾਪਿਆਂ ਨੂੰ ਇਹ ਰਿਕਾਰਡ ਵਿਖਾਉਣ ਉਪਰੰਤ ਉਹਨਾਂ ਨਾਲ ਵਿਦਿਆਰਥੀਆਂ ਦੀ ਪ੍ਰੋਗਰੈੱਸ ਬਾਰੇ ਚਰਚਾ ਕਰਦੇ ਹੋਏ ਉਹਨਾਂ ਦੇ ਹਸਤਾਖ਼ਰ ਕਰਵਾਏ ਜਾਣਗੇ।

15.0 ਵਿਸ਼ਾ ਅਧਿਆਪਕ ਅਤੇ ਜਮਾਤ ਅਧਿਆਪਕ ਦੋਵੇਂ ਹੀ ਮਾਪਿਆਂ/ਸਰਪ੍ਰਸਤਾਂ ਕੋਲੋਂ ਆਪਣੇ ਰਜਿਸਟਰਾਂ ਤੇ ਹਸਤਾਖ਼ਰ ਕਰਵਾਉਣਗੇ।

16.0 ਅਗਾਮੀ ਵਰ੍ਹੇ ਵਾਸਤੇ ਸਕੂਲਾਂ ਵਿੱਚ ਵਿਦਿਆਰਥੀਆਂ ਕੋਲੋਂ ਕਿਸੇ ਪ੍ਰਕਾਰ ਦੀ ਕੋਈ ਪ੍ਰੀਖਿਆ ਫੀਸ ਨਹੀਂ ਲਈ ਜਾਵੇਗੀ।

ਸਟੇਟ ਪ੍ਰੋਜੈਕਟ ਡਾਇਰੈਕਟਰ
ਸਰਵ ਸਿੱਖਿਆ ਅਭਿਆਨ ਅਥਾਰਟੀ
ਪੰਜਾਬ, ਚੰਡੀਗੜ੍ਹ

ਉਤਾਰਾ: ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

1. ਡੀ.ਐਮ. (ਐਮ.ਆਈ.ਐਸ) ਵੈੱਬ ਸਾਈਟ ਲਈ